ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ।
(ਰਿਣ ਸਾਖਾ-1)

ਵੱਲ

ਬਰਾਂਚ ਮੈਨੇਜਰ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 17 ਚੰਡੀਗੜ੍ਹ ।

ਮੀਮੋ ਨੰ:ਰਸਸ/ਰਿਣ-1/ਸੀ.ਏ 2/40%/15602 ਮਿਤੀ/30-11-18

ਵਿਸ਼ਾ: ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਵੱਲੋ 40% ਸਬਸਿਡੀ ਤਹਿਤ ਐਗਰੋ ਸਰਵਿਸ ਸੈਂਟਰ ਅਪਗ੍ਰੇਡ ਕਰਨ ਸਬੰਧੀ ਸਬਸਿਡੀ ਦੇ ਕੇਸ ਭੇਜਣ ਬਾਰੇ

ਉਪਰੋਕਤ ਵਿਸ਼ੇ ਸਬੰਧੀ ਡਿਪਟੀ ਰਜਿਸਟਰਾਰ,ਸਹਿਕਾਰੀ ਸਭਾਵਾਂ,ਜਲੰਧਰ ਵੱਲੋ ਆਪਣੇ ਪੱਤਰ ਨੰਬਰ/1057 ਮਿਤੀ 26-11-18 ਰਾਹੀ ਸਹਾਇਕ ਰਜਿਸਟਰਾਰ ਸ/ਸ ਫਿਲੌਰ ਵੱਲੋ ਆਪਣੇ ਸਰਕਲ ਦੀਆਂ 2 ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾ ਵੱਲੋ **In-Situ Management of Crop Residue** ਸਕੀਮ ਤਹਿਤ ਖਰੀਦੇ ਗਏ 5 ਸੰਦਾਂ ਤੇ ਸਕੀਮ ਅਨੁਸਾਰ ਬਣਦੀ 40% ਸਬਸਿਡੀ ਜਾਰੀ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ।ਇਸ ਤਜਵੀਜ ਤੇ ਵਿਚਾਰ ਕਰਨ ਉਪਰੰਤ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਦਰਜ 2 ਸਭਾ ਦੀ 40% ਦੇ ਹਿਸਾਬ ਨਾਲ ਬਣਦੀ ਸਬਸਿਡੀ ਦੀ ਰਕਮ ਸਭਾ ਦੇ ਸਾਹਮਣੇ ਪ੍ਰੋਫਾਰਮੇ ਵਿਚ ਦਰਜ ਮੈਨੂਫੈਕਚਰਾਂ/ਡੀਲਰਾਂ/ਸਭਾ ਦੇ ਖਾਤੇ ਵਿੱਚ ਟਰਾਂਸਫਰ ਕੀਤੀ ਜਾਵੇ । ਇਸ ਸਭਾ ਦੀ 5 ਸੰਦਾਂ ਦੀ ਸਬਸਿਡੀ ਦੀ ਕੁੱਲ ਰਕਮ ਮੁਬ: **909400/-** (ਨੌ ਲੱਖ ਨੌ ਹਜਾਰ ਚਾਰ ਸੌ) ਰੁਪੈ ਬਣਦੀ ਹੈ।ਇਹ ਰਕਮ ਇਸ ਦਫਤਰ ਵੱਲੋ ਖੋਲੇ ਗਏ ਸੇਵਿੰਗ ਖਾਤਾ ਨੰ:000234003100001 ਵਿੱਚੋ ਟਰਾਂਸਫਰ ਕੀਤੀ ਜਾਵੇ।ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਰ.ਸੀ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ । ਇਸ ਸਬੰਧੀ ਆਪ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ ।

ਇਹ ਪੱਤਰ ਰ.ਸ.ਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

ਨੱਥੀ/ਉਕਤ ਅਨੁਸਾਰ

Bajwa
ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-1/15603-04 ਮਿਤੀ/ 30-11-18

ਉਪਰੋਕਤ ਦਾ ਉਤਾਰਾ:-

1. ਡਿਪਟੀ ਰਜਿਸਟਰਾਰ,ਸਹਿਕਾਰੀ ਸਭਾਵਾਂ, ਜਲੰਧਰ ਨੂੰ ਉਨਾਂ ਦੇ ਪੱਤਰ ਨੰਬਰਡੀ.ਆਰ.ਜ਼ੇ/1057 ਮਿਤੀ 26-11-18 ਦੇ ਹਵਾਲੇ ਵਿਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਰਾਸੀ ਰਲੀਜ ਹੋਣ ਸਬੰਧੀ ਸਬੰਧਤ ਡੀਲਰਾਂ/ਮੈਨੂਫੈਕਚਰਾਂ/ਸਭਾਵਾਂ ਆਦਿ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਉਪ ਰਜਿਸਟਰਾਰ ਅਤੇ ਸਹਾਇਕ ਰਜਿਸਟਰਾਰ ਪਾਸੋ ਲੋੜੀਦੀ ਪਾਲਣਾ ਯਕੀਨੀ ਬਣਾਈ ਜਾਵੇ।
2 ਸਹਾਇਕ ਰਜਿਸਟਰਾਰ ਸ/ਸ ਫਿਲੌਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹਨਾਂ ਵੱਲੋ ਭੇਜੀ ਗਈ ਤਜਵੀਜ ਬਾਰੇ ਉਹ ਇਹ ਯਕੀਨੀ ਬਣਾਉਣ ਕਿ ਇਸ ਦਫਤਰ ਵੱਲੋ ਜਾਰੀ ਹਦਾਇਤਾਂ /Policy ਅਧੀਨ ਸਭਾਵਾਂ ਵੱਲੋ ਕਲੇਮ ਕੀਤੀ ਜਾ ਰਹੀ Subsidy ਦੀ ਰਕਮ ਨਿਰਧਾਰਤ ਤੋ ਕਿਸੇ ਵੀ ਹਾਲਤ ਵਿੱਚ ਨਾ ਵਧੇ। ਅਜਿਹਾ ਹੋਣ ਦੀ ਸੂਰਤ ਵਿੱਚ ਡੀ.ਆਰ/ਏ.ਆਰ ਨਿੱਜੀ ਤੋਰ ਤੇ ਜਿੰਮੇਵਾਰ ਹੋਣਗੇ।

Bajwa
ਸੰਯੁਕਤ ਰਜਿਸਟਰਾਰ-1
ਵਾ:ਰਜਿਸਟਰਾਰ,ਸਹਿਕਾਰੀ ਸਭਾਵਾਂ,
ਪੰਜਾਬ ਚੰਡੀਗੜ੍ਹ ।

**ਦਫਤਰ: ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ**

ਸੇਵਾ ਵਿਖੇ,

ਮਾਨਯੋਗ ਰਜਿਸਟਰਾਰ,
ਸਹਿਕਾਰੀ ਸਭਾਵਾਂ,ਪੰਜਾਬ,ਚੰਡੀਗੜ੍ਹ।

ਮੀਮੋ ਨੰ: ਐਸ.ਏ/ਡੀ.ਆਰ.ਜੇ/ ਮਿਤੀ:

ਵਿਸ਼ਾ:- **ਵੱਖ-ਵੱਖ ਪ੍ਰਾਇਮਰੀ ਖੇਤੀਬਾੜੀ/ਬਹੁਮੰਤਵੀ ਸਹਿਕਾਰੀ ਸਭਾਵਾਂ ਨੂੰ 40% ਸਬਸਿਡੀ ਤਹਿਤ ਐਗਰੋ ਸਰਵਿਸ ਸੈਂਟਰ ਅਪਗ੍ਰੇਡ ਕਰਨ ਸਬੰਧੀ ਸਬਸਿਡੀ ਦੇ ਕੇਸ ਭੇਜਣ ਬਾਰੇ।**

ਹਵਾਲਾ:- **ਆਪ ਜੀ ਦੇ ਦਫਤਰ ਦਾ ਪੱਤਰ ਨੰ: ਰਸਸ/ਰਿਣ-1/ਸੀ.ਏ-2/40%/12883 ਮਿਤੀ: 08-10-2018.**

ਯਾਦ ਪੱਤਰ:

ਉਪਰੋਕਤ ਵਿਸ਼ੇ ਦੇ ਸਬੰਧ ਦੇ ਸਬੰਧ ਹਵਾਲਾ ਅਧੀਨ ਪੱਤਰ ਰਾਂਹੀ ਆਪ ਜੀ ਵਲੋਂ ਜਿਨ੍ਹਾਂ ਸਭਾਵਾਂ ਨੂੰ 40% ਸਬਸਿਡੀ ਤਹਿਤ ਐਗਰੋ ਸਰਵਿਸ ਸੈਂਟਰ ਸਥਾਪਿਤ/ਅਪਗ੍ਰੇਡ ਕਰਨ ਸਬੰਧੀ ਪ੍ਰਵਾਨਗੀ ਦਿੱਤੀ ਗਈ ਸੀ ਉਨ੍ਹਾਂ ਵਿੱਚੋਂ 2 ਏ.ਐਸ ਸਭਾਵਾਂ ਦੀ ਪੁਆਦੜਾ ਅਤੇ ਮੰਨਸੂਰਪੁਰ ਦੇ ਕੇਸ ਇਸ ਪੱਤਰ ਨਾਲ ਨੱਥੀ ਕਰਕੇ ਅਤੇ ਨਿਰਧਾਰਤ ਪ੍ਰੋਫਾਰਮੇ ਤੇ ਡਿਟੇਲ ਤਿਆਰ ਕਰਕੇ ਆਪ ਜੀ ਨੂੰ ਅਗਲੀ ਲੋੜੀਂਦੀ ਕਾਰਵਾਈ ਹਿਤ ਭੇਜੀ ਜਾਂਦੀ ਹੈ ਜੀ।

**ਨੱਥੀ: ਉਕਤ ਅਨੁਸਾਰ**

ਡਿਪਟੀ ਰਜਿਸਟਰਾਰ,
ਸਹਿਕਾਰੀ ਸਭਾਵਾਂ,ਜਲੰਧਰ

ਪਿਠ ਅੰਕਣ ਨੰ: ਐਸ.ਏ/ਡੀ.ਆਰ.ਜੇ/ ਮਿਤੀ:

ਉਪਰੋਕਤ ਦਾ ਉਤਾਰਾ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ ਜਲੰਧਰ ਜੀ ਨੂੰ ਸੂਚਨਾਂ ਹਿਤ ਭੇਜਿਆ ਜਾਂਦਾ ਹੈ ਜੀ।

ਡਿਪਟੀ ਰਜਿਸਟਰਾਰ,
ਸਹਿਕਾਰੀ ਸਭਾਵਾਂ,ਜਲੰਧਰ

ਦਫਤਰ: ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ।

ਖੇਤਬਾੜੀ ਸੰਦਾਂ ਦੇ 40% ਸਬਸਿਡੀ ਕਲੇਮ ਸਬੰਧੀ

| ਲੜੀ ਨੰ: | ਸਭਾ ਦਾ ਨਾਮ | ਸੰਦਾਂ ਦੇ ਨਾਮ (ਬਿੱਲ ਨੰਬਰ ਅਤੇ ਮਿਤੀ) | ਕੀਮਤ | 40% ਦੇ ਹਿਸਾਬ ਨਾਲ ਬਣਦੀ ਸਬਸਿਡੀ | ਸਭਾ ਦਾ ਖਾਤਾ ਨੰਬਰ | IFSC Code | ਟਿੱਪਣੀ |
|---|---|---|---|---|---|---|---|
| 1 | ਦੀ ਪੁਆਦੜਾ ਏ.ਐਸ | ਟਰੈਕਟਰ ਨਿਊ ਹਾਲੈਂਡ ਬਿੱਲ ਨੰ:KAW/2018-19/177 ਮਿਤੀ: 31-10-2018 | 1111000 | 444400 | 097134002000002 | UTIB0SJAL01 | ਜਲੰਧਰ ਸੈਂਅਰਲ ਕੋਆਪ੍ਰੇਟਿ ਬੈਂਕ ਬਰਾਂਚ ਤਲਵਣ |
| 2 | ਦੀ ਮੰਨਸੂਰਪੁਰ ਏ.ਐਸ | ਟਰੈਕਟਰ ਨਿਊ ਹਾਲੈਂਡ ਬਿੱਲ ਨੰ:KAW/2018-19/72 ਮਿਤੀ: 19-06-2018 | 775000 | 310000 | 094434002000001 | UTIB0SJAL01 | ਜਲੰਧਰ ਸੈਂਅਰਲ ਕੋਆਪ੍ਰੇਟਿ ਬੈਂਕ ਬਰਾਂਚ: ਮੰਨਸੂਰਪੁਰ |
| | ਉਕਤ | ਲੇਜ਼ਰ ਐਂਡ ਲੈਵਲਰ ਬਿੱਲ ਨੰ:81 ਮਿਤੀ: 02-11-2018 | 295000 | 118000 | 094434002000001 | UTIB0SJAL01 | ਜਲੰਧਰ ਸੈਂਅਰਲ ਕੋਆਪ੍ਰੇਟਿ ਬੈਂਕ ਬਰਾਂਚ: ਮੰਨਸੂਰਪੁਰ |
| | ਉਕਤ | ਸੁਹਾਗਾ ਅਤੇ ਕਲਟੀਵੇਟਰ ਬਿੱਲ ਨੰ:257 ਮਿਤੀ: 01-11-2018 | 45000 | 18000 | 094434002000001 | UTIB0SJAL01 | ਜਲੰਧਰ ਸੈਂਅਰਲ ਕੋਆਪ੍ਰੇਟਿ ਬੈਂਕ ਬਰਾਂਚ: ਮੰਨਸੂਰਪੁਰ |
| | ਉਕਤ | ਸੀਡ ਡਰਿੱਲ ਅਤੇ ਜਿੰਦਾ ਬਿੱਲ ਨੰ:254 ਮਿਤੀ: 01-11-2018 | 47500 | 19000 | 094434002000001 | UTIB0SJAL01 | ਜਲੰਧਰ ਸੈਂਅਰਲ ਕੋਆਪ੍ਰੇਟਿ ਬੈਂਕ ਬਰਾਂਚ: ਮੰਨਸੂਰਪੁਰ |
| | **2** | | **2273500** | **909400** | | | |

ਡਿਪਟੀ ਰਜਿਸਟਰਾਰ,
ਸਹਿਕਾਰੀ ਸਭਾਵਾਂ,ਜਲੰਧਰ।